# ਚੰਡੀਗੜ੍ਹ ਸਪੋਕਸਮੈਨ

ਚੰਡੀਗੜ੍ਹ, ਸੋਮਵਾਰ, 13 ਫ਼ਰਵਰੀ, 2006


## ਈ. ਐਨ. ਟੀ. ਮੈਡੀਕਲ ਕੈਂਪ ਵਿਚ 167 ਮਰੀਜ਼ਾਂ ਦੀ ਜਾਂਚ



ਮੋਹਾਲੀ ਦੇ ਫੇਜ਼-4 ਦੇ ਚੀਮਾ ਮੈਡੀਕਲ ਕੰਪਲੈਕਸ ਵਿਖੇ ਲਗਾਏ ਗਏ ਮੁਫ਼ਤ ਈ.ਐਨ.ਟੀ. ਕੈਂਪ ਵਿਚ ਮਰੀਜ਼ਾਂ ਦੀ ਜਾਂਚ ਕਰਦੇ ਹੋਏ ਡਾਕਟਰ। ਸਪੋਕਸਮੈਨ ਫ਼ੋਟੋ: ਜਸਵਿੰਦਰ ਸੈਣੀ

ਮੋਹਾਲੀ, 12 ਫ਼ਰਵਰੀ (ਦਿਨੇਸ਼ ਭਾਰਦਵਾਜ): ਚੀਮਾ ਮੈਡੀਕਲ ਕੰਪਲੈਕਸ ਵਲੋਂ ਈ.ਐਨ.ਟੀ. ਮੈਡੀਕਲ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਈ.ਐਨ.ਟੀ. ਮਾਹਰ ਡਾਕਟਰ ਸਰਤਾਜ ਸਿੰਘ ਬੁੱਟਰ ਨੇ 167 ਮਰੀਜ਼ਾਂ ਦੀ ਅੱਖਾਂ, ਕੰਨਾਂ ਅਤੇ ਗਲੇ ਦੀਆਂ ਬੀਮਾਰੀਆਂ ਦੇ ਸਬੰਧ ਵਿਚ ਜਾਂਚ ਕੀਤੀ। ਉਨ੍ਹਾਂ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਜ਼ਿਆਦਾਤਰ ਬੱਚਿਆਂ ਵਿਚ ਨੱਕ ਅਤੇ ਗਲੇ ਦੀਆਂ ਬਿਮਾਰੀਆਂ ਸਾਹਮਣੇ ਆਈਆਂ ਹਨ ਜੋ ਕਿ ਬਦਲਦੇ ਮੌਸਮ ਕਾਰਨ ਹੋ ਰਹੀਆਂ ਹਨ। ਉਨ੍ਹਾਂ ਮਾਪਿਆਂ ਨੂੰ ਸਲਾਹ ਦਿੰਦੇ ਹੋਏ ਕਿਹਾ ਕਿ ਬਦਲਦੇ ਮੌਸਮ ਵਿਚ ਬੱਚਿਆਂ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ ਅਤੇ ਅਜਿਹੀ ਕਿਸੇ ਬੀਮਾਰੀ ਦੀ ਹਾਲਤ ਵਿਚ ਆਪ ਇਲਾਜ ਸ਼ੁਰੂ ਨਹੀਂ ਕਰਨਾ ਚਾਹੀਦਾ, ਸਗੋਂ ਡਾਕਟਰ ਤੋਂ ਬੱਚਿਆਂ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਕਈ ਵਾਰ ਆਮ ਲੋਕ ਵੀ ਨੱਕ ਦੀਆਂ ਬੀਮਾਰੀਆਂ ਵਿਚੋਂ ਸਾਹ ਲੈਣ ਵਿਚ ਤਕਲੀਫ਼, ਅਲਰਜੀ, ਘੁਰਾੜੇ, ਨੱਕ ਵਿਚ ਮਾਸ ਵੱਧ ਜਾਣਾ, ਕੰਨਾਂ ਦੀਆਂ ਬੀਮਾਰੀਆਂ ਜਿਵੇਂ ਕੰਨ ਦਾ ਡੁੱਲ੍ਹਣਾ, ਕੰਨ ਵਿਚ ਫ਼ੰਗਸ ਇਨਫ਼ੈਕਸ਼ਨ ਅਤੇ ਘੱਟ ਸੁਣਾਈ ਦੇਣਾ ਆਦਿ ਬੀਮਾਰੀਆਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ, ਜੋ ਕਿ ਬਾਅਦ ਵਿਚ ਖ਼ਤਰਨਾਕ ਸਿੱਧ ਹੋ ਸਕਦੇ ਹਨ। ਇਸ ਮੌਕੇ ਬੋਲਦਿਆਂ ਡਾ. ਬੀ.ਐਸ. ਚੀਮਾ ਨੇ ਕਿਹਾ ਕਿ ਉਨ੍ਹਾਂ ਵਲੋਂ ਅਜਿਹੇ ਹੋਰ ਮੁਫ਼ਤ ਮੈਡੀਕਲ ਜਾਂਚ ਕੈਂਪ ਲਗਾਏ ਜਾਣਗੇ ਤਾਂ ਜੋ ਲੋਕ ਸਮੇਂ ਸਿਰ ਜਾਗਰੂਕ ਹੋ ਕੇ ਆਪਣਾ ਇਲਾਜ ਕਰਵਾ ਸਕਣ।